## ਵੈੱਬ ’ਤੇ ਪਾਉਂਣ ਲਈ ਪੁਨਰ-ਨਿਰੀਖਣ

## ਲਿਟਰੇਸੀ ਅਤੇ ਬੇਸਿਕ ਸਕਿਲਜ਼ ਪ੍ਰੋਗਰਾਮ

ਓਨਟੈਰੀਉ ਸਰਕਾਰ ਦਾ ਲਿਟਰੇਸੀ ਅਤੇ ਬੇਸਿਕ ਸਕਿਲਜ਼ ਪ੍ਰੋਗਰਾਮ (Literacy and Basic Skills (LBS) Program) ਸਾਖਰਤਾ, ਅੰਕ-ਗਿਆਨ ਤੇ ਜ਼ਰੂਰੀ ਹੁਨਰਾਂ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਜਿੰਨ੍ਹਾਂ ਦੀ ਸਹਾਇਤਾ ਨਾਲ ਵਿਅਕਤੀ ਅਗੇਰੀ ਸਿੱਖਿਆ ਜਾਂ ਟਰੇਨਿੰਗ, ਨੌਕਰੀ ਜਾਂ ਵਧੇਰੇ ਆਜ਼ਾਦੀ ਨਾਲ ਸਬੰਧਤ ਆਪਣੇ ਨਿਸ਼ਾਨਿਆਂ ਦੀ ਪ੍ਰਾਪਤੀ ਕਰ ਸਕਦੇ ਹਨ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

ਲਿਟਰੇਸੀ ਅਤੇ ਬੇਸਿਕ ਸਕਿਲਜ਼ ਸੇਵਾਵਾਂ ਸਿੱਖਣ ਵਾਲਿਆਂ ਨੂੰ ਮੁਫਤ ਦਿੱਤੀਆਂ ਜਾਂਦੀਆਂ ਹਨ ਅਤੇ ਇਹ ਉਨ੍ਹਾਂ ਲੋਕਾਂ ’ਤੇ ਕੇਂਦਰਿਤ ਹਨ ਜਿੰਨ੍ਹਾਂ ਦੀ ਪੜ੍ਹਨ, ਲਿਖਣ, ਅੰਕ-ਗਿਆਨ ਅਤੇ ਜ਼ਰੂਰੀ ਹੁਨਰਾਂ ਦੀ ਯੋਗਤਾ ਓਨਟੈਰੀਉ ਕਰੀਕੁਲਮ ਦੇ ਗਰੇਡ 9 ਦੇ ਮਿਆਰ ਤੋਂ ਘੱਟ ਹੈ। ਇਹ ਸੇਵਾਵਾਂ ਸਥਾਨਕ ਸਕੂਲ ਬੋਰਡਾਂ, ਕਮਿਊਨਿਟੀ ਆਧਾਰਿਤ ਏਜੰਸੀਆਂ ਅਤੇ ਐਪਲਾਈਡ ਆਰਟਸ ਅਤੇ ਟੈਕਨਾਲੋਜੀ ਦੇ ਕਾਲਜਾਂ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਹਨ।

ਵਿਅਕਤੀਆਂ ਨੂੰ ਆਪਣੇ ਅੱਪਗਰੇਡਿੰਗ ਦੇ ਨਿਸ਼ਾਨੇ ਸਪੱਸ਼ਟ ਕਰਨ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਟਰੇਨਿੰਗ ਯੋਜਨਾਂ ਵਿਕਸਤ ਕਰਨ ਲਈ ਸਹਾਇਤਾ ਮਿਲ ਸਕਦੀ ਹੈ। ਟਰੇਨਿੰਗ ਕਈ ਰੂਪਾਂ ’ਚ ਉਪਲਬਧ ਹੈ-ਟਿਊਟਰਾਂ ਦੁਆਰਾ ਇਕ ਇਕ ਨੂੰ ਸਿਖਾਉਂਣ, ਛੋਟੇ ਗਰੁੱਪਾਂ ਜਾਂ ਕਿਸੇ ਕਲਾਸਰੂਮ ’ਚ ਸਿਖਾਉਂਣ ਦੇ ਰੂਪਾਂ ’ਚ।

ਜੇਕਰ ਕੋਈ ਵਿਅਕਤੀ ਤਕਨਾਲੋਜੀ ਨਾਲ ਸਬੰਧਿਤ ਹੁਨਰ ਸਿਖਣੇ ਚਾਹੁੰਦਾ ਹੈ ਤਾਂ ਟਰੇਨਿੰਗ ’ਚ ਕੰਪਿਊਟਰ ਦੀ ਵਰਤੋਂ ਵੀ ਸ਼ਾਮਲ ਹੋ ਸਕਦੀ ਹੈ।ਕਾਲਜਾਂ ਦੇ ਰਾਹੀਂ ਲਿਟਰੇਸੀ ਅਤੇ ਬੇਸਿਕ ਸਕਿਲਜ਼ ਪ੍ਰੋਗਰਾਮ ਵਿਦਿਅਕ ਅੱਪਗਰੇਡਿੰਗ ਦੀਆਂ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ ਜੋ ਵਿਅਕਤੀਆਂ ਨੂੰ ਕਾਲਜ ਆਧਾਰਿਤ ਪੋਸਟ-ਸੈਕੰਡਰੀ ਸਿਖਿਆ ਅਤੇ ਟਰੇਨਿੰਗ ਪ੍ਰੋਗਰਾਮਾਂ (ਜਿਵੇਂ ਅਪਰੈਂਟਿਸਸ਼ਿੱਪ) ’ਚ ਦਾਖਲ ਹੋਣ ਲਈ ਲੋੜੀਂਦੇ ਹੁਨਰ ਵਿਕਸਤ ਕਰਨ ’ਚ ਸਹਾਈ ਹੁੰਦੀਆਂ ਹਨ।

## ਸ਼ਾਮਲ ਕੌਣ ਹੋ ਸਕਦਾ ਹੈ?

ਲਿਟਰੇਸੀ ਅਤੇ ਬੇਸਿਕ ਸਕਿਲਜ਼ ਪ੍ਰੋਗਰਾਮ ਉਨ੍ਹਾਂ ਵਿਅਕਤੀਆਂ ਲਈ ਖੁੱਲ੍ਹਾ ਹੈ ਜਿਹੜੇ ਸਕੂਲ ਤੋਂ ਨਿਕਲ ਚੁੱਕੇ ਹਨ ਅਤੇ ਅੰਗਰੇਜ਼ੀ ਜਾਂ ਫਰਾਂਸੀਸੀ ’ਚ ਗੱਲਬਾਤ ਕਰ ਸਕਦੇ ਹਨ। ਓਨਟੈਰੀਉ ਵਰਕਸ (Ontario Works) ਰਾਹੀਂ ਸਮਾਜਿਕ ਸਹਾਇਤਾ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਸੇਵਾਵਾਂ ਪ੍ਰਦਾਨ ਕਰਨ ’ਤੇ ਵਿਸ਼ੇਸ਼ ਜ਼ੋਰ ਨਾਲ ਦਿੱਤਾ ਗਿਆ ਹੈ।

ਇਹ ਯਕੀਨੀ ਬਣਾਉਂਣ ਲਈ ਕਿ ਵੱਖ ਵੱਖ ਭਾਸ਼ਕ ਅਤੇ ਸੱਭਿਆਚਾਰਕ ਪਿੱਠਭੂਮੀਆਂ ਵਾਲੇ ਸਿਖਿਅਕਾਂ ਦੀਆਂ ਸਾਖਰਤਾ ਲੋੜਾਂ ਪੂਰੀਆਂ ਹੋਣ, ਲਿਟਰੇਸੀ ਅਤੇ ਬੇਸਿਕ ਸਕਿਲਜ਼ ਪ੍ਰੋਗਰਾਮ ਅੰਗਰੇਜ਼ੀ ਬੋਲਣ ਵਾਲਿਆਂ, ਬਹਿਰਿਆਂ, ਫਰਾਂਸੀਸੀ ਬੋਲਣ ਵਾਲਿਆਂ ਅਤੇ ਐਬੋਰਿਜਨਲ ਸਿਖਿਅਕਾਂ ਲਈ ਪ੍ਰੋਗਰਾਮ ਬਣਾਉਂਣ ਦੀ ਹਮਾਇਤ ਕਰਦਾ ਹੈ।

## ਮੈਂ ਸੇਵਾਵਾਂ ਤੱਕ ਪਹੁੰਚ ਕਿਵੇਂ ਕਰ ਸਕਦਾ/ਸਕਦੀ ਹਾਂ?

ਲਿਟਰੇਸੀ ਅਤੇ ਬੇਸਿਕ ਸਕਿਲਜ਼ ਸੇਵਾਵਾਂ ਸੂਬੇ ਭਰ ’ਚ 200 ਤੋਂ ਵੱਧ ਏਜੰਸੀਆਂ ਵੱਲੋਂ ਲੱਗਪਗ 300 ਸਾਈਟਾਂ ਉਪਰ ਪੇਸ਼ ਕੀਤੀਆਂ ਜਾਂਦੀਆਂ ਹਨ।

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7